NATIONAL DAIRY DEVELOPMENT BOARD

# ਚਿੱਚੜਾਂ ਦੀ ਰੋਕਥਾਮ ਲਈ ਇੱਕ ਸਿਹਤ ਪਹੁੰਚ

## ਚਿੱਚੜਾਂ ਦੀ ਰੋਕਥਾਮ ਜ਼ਰੂਰੀ ਕਿਉਂ ਹੈ?

- ☑ ਚਿੱਚੜ ਐਨਾਪਲਾਜ਼ਮੋਸਿਸ, ਥਾਈਲਿਰੀਓਸਿਸ ਅਤੇ ਬੇਬੀਸੀਓਸਿਸ ਵਰਗੇ ਰੋਗ ਫੈਲਾਉਂਦੇ ਹਨ, ਜੋ ਕਿ ਘਾਤਕ ਸਾਬਤ ਹੋ ਸਕਦੇ ਹਨ।
- ☑ ਚਿੱਚੜਾਂ ਦੀ ਵਾਧੂ ਭਰਮਾਰ ਖੂਨ ਦੀ ਕਮੀ, ਰੋਗਾਂ ਦੇ ਖਿਲਾਫ ਕਮਜ਼ੋਰ ਬਚਾਅ ਅਤੇ ਉਤਪਾਦਨ ਵਿੱਚ ਵੱਡੇ ਨੁਕਸਾਨ ਦਾ ਕਾਰਨ ਬਣਦੀ ਹੈ।
- ☑ ਚਿੱਚੜਾਂ ਦੇ ਕੱਟਣ ਨਾਲ ਹੋਣ ਵਾਲੀ ਐਲਰਜੀ ਦਰਦ ਅਤੇ ਤਕਲੀਫ਼ ਪੈਦਾ ਕਰਦੀ ਹੈ।
- ☑ ਹਰ ਮਾਦਾ ਚਿੱਚੜ ਲਗਭਗ 3000 ਅੰਡੇ ਦਿੰਦੀ ਹੈ, ਜਿਸ ਕਰਕੇ ਇੱਕ ਵਾਰੀ ਵਧਣ ਉਪਰੰਤ ਇਸ ਦੀ ਰੋਕਥਾਮ ਮੁਸ਼ਕਲ ਹੋ ਜਾਂਦੀ ਹੈ।
- ☑ ਇਹ ਚਿੱਚੜ ਮਨੁੱਖਾਂ ਵਿੱਚ ਵੀ ਲੱਗ ਸਕਦੇ ਹਨ ਅਤੇ ਕ੍ਰਾਈਮੀਅਨ ਕਾਂਗੋ ਹੈਮਰੇਜਿਕ ਬੁਖਾਰ (CCHF) ਵਰਗੀਆਂ ਗੰਭੀਰ ਬਿਮਾਰੀਆਂ ਪੈਦਾ ਕਰ ਸਕਦੇ ਹਨ।

## ਲਵੇਰੇ ਵਿੱਚ ਚਿੱਚੜਾਂ ਦਾ ਜੀਵਨ ਚੱਕਰ ਅਤੇ ਰੋਕਥਾਮ ਦੇ ਤਰੀਕੇ

ਇਹ ਪਸ਼ੂ ਉੱਤੇ ਚੜ੍ਹਦਾ ਹੈ ਅਤੇ ਨਿੰਫ਼ ਦੇ ਰੂਪ ਵਿੱਚ ਵਿਕਸਤ ਹੁੰਦਾ ਹੈ



**ਰੋਕਥਾਮ ਦੇ ਤਰੀਕੇ:**
- ਪਸ਼ੂਆਂ ਦੀ ਨਿਯਮਤ ਜਾਂਚ ਕਰੋ, ਵਿਸ਼ੇਸ਼ ਕਰਕੇ ਗਰਮ ਅਤੇ ਨਮੀ ਵਾਲੇ ਮਹੀਨਿਆਂ ਵਿੱਚ। ਗਲ, ਥਣ ਅਤੇ ਪਿਛਲੇ ਹਿੱਸੇ 'ਤੇ ਹੱਥ ਫੇਰ ਕੇ ਚਿੱਚੜਾਂ ਦੀ ਜਾਂਚ ਕਰੋ



ਨਿੰਫ ਤਕਰੀਬਨ 3 ਹਫ਼ਤੇ ਤੱਕ ਲਹੂ ਪੀ ਕੇ ਆਪਣੇ ਸ਼ਰੀਰ ਨੂੰ ਭਰ ਲੈਂਦੀ ਹੈ, ਫਿਰ ਜ਼ਮੀਨ 'ਤੇ ਡਿੱਗ ਕੇ ਅੰਡੇ ਦਿੰਦੀ ਹੈ ਅਤੇ ਮਰ ਜਾਂਦੀ ਹੈ

**ਰੋਕਥਾਮ ਦੇ ਤਰੀਕੇ:**
- ਦੇਸੀ ਕੁਕੜ ਪਾਲੋ ਜੋ ਚਿੱਚੜਾਂ ਨੂੰ ਖਾ ਲੈਂਦੇ ਹਨ।
- ਪਸ਼ੂ ਅਤੇ ਸ਼ੈਡਾਂ ਨਿਯਮਤ ਤੌਰ 'ਤੇ ਚਿੱਚੜ ਮੁਕਤੀ (de-ticking) ਕਰੋ।
- ਨਵੇਂ ਖਰੀਦੇ ਪਸ਼ੂ ਨੂੰ ਝੁੰਡ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਚਿੱਚੜ ਮੁਕਤੀ ਜ਼ਰੂਰ ਕਰੋ।
- ਚਿੱਚੜਾਂ ਵਿੱਚ ਰੋਧਕਤਾ ਤੋਂ ਬਚਣ ਲਈ ਇਥਨੋ ਵੈਟਰੀਨਰੀ ਮੈਡੀਸਨ (EVM) ਜਾਂ ਵੱਖ-ਵੱਖ ਏਕੈਰਿਸਾਈਡਜ਼ (acaricides) ਦੀ ਬਦਲ-ਬਦਲ ਕੇ ਵਰਤੋਂ ਕਰੋ



ਹਰ ਚਿੱਚੜ ਲਗਭਗ 3000 ਅੰਡੇ ਦਿੰਦੀ ਹੈ

**ਰੋਕਥਾਮ ਦਾ ਤਰੀਕਾ:**
- ਪਸ਼ੂ ਅਤੇ ਸ਼ੈਡ ਦੀ ਨਿਯਮਤ ਤੌਰ 'ਤੇ ਚਿੱਚੜ ਮੁਕਤੀ ਕਰੋ।



ਅੰਡੇ ਫੁੱਟਣ ਤੋਂ ਬਾਅਦ, ਲਾਰਵਾ ਘਾਹ ਦੇ ਕੋਨਿਆਂ ਉੱਤੇ ਚੜ੍ਹ ਕੇ ਇਕੱਠੇ ਹੋ ਜਾਂਦੇ ਹਨ

**ਰੋਕਥਾਮ ਦੇ ਤਰੀਕੇ:**
- ਜਿਥੇ ਚਿੱਚੜ ਬਹੁਤ ਹੋਣ, ਉਹ ਚਰਾਗਾਹ ਛੱਡ ਦੇਵੋ।
- ਪਸ਼ੂਆਂ ਨੂੰ ਹਰ ਵਾਰੀ ਨਵੀਂ ਥਾਂ ਚਰਾਉਣ ਲੈ ਜਾਓ

## ਆਰਥਿਕ ਅਸਰ

### ਚਿੱਚੜਾਂ ਦੀ ਰੋਕਥਾਮ ਤੋਂ ਬਿਨਾਂ

- ਵਜ਼ਨ ਘਟਣਾ
- ਬਚਾਅ ਸ਼ਕਤੀ ਘਟਣਾ
- ਟੀਕਾਕਰਨ ਵਿਚ ਅਸਫਲਤਾ
- ਚਿੱਚੜ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ (ਬੈਬੀਸੀਆ, ਥਾਈਲੈਰੀਆ, ਐਨੇਪਲਾਜਮਾ) ਕਾਰਨ ਮੌਤ ਦਾ ਵੱਧ ਖਤਰਾ
- ਦੁੱਧ ਦੇ ਉਤਪਾਦਨ ਵਿੱਚ ਘਾਟ
- ਇਲਾਜ ਦੇ ਵੱਧ ਖਰਚੇ
- ਪਸ਼ੂ ਤੋਂ ਮਨੁੱਖ ਵਿਚ ਆਉਣ ਵਾਲੀਆਂ ਬਿਮਾਰੀਆਂ ਦਾ ਖਤਰਾ (ਉਦਾਹਰਨ ਵਜੋਂ CCHF)
- ਚਿੱਚੜ ਦੇ ਕਟਣ ਕਾਰਨ ਚਮੜੀ ਦੀ ਐਲਰਜੀ
- ਪਸ਼ੂਆਂ ਦੀ ਠੀਕ ਤਰ੍ਹਾਂ ਦੇਖਭਾਲ ਨਾ ਹੋਣਾ
- ਨੇੜਲੇ ਫਾਰਮਾਂ 'ਚ ਚਿੱਚੜ ਫੈਲਾਉਣ ਦਾ ਖਤਰਾ

### ਚਿੱਚੜਾਂ ਦੀ ਰੋਕਥਾਮ ਨਾਲ

- ☑ ਖੁਰਾਕ ਦੀ ਵਧੀਆ ਵਰਤੋਂ
- ☑ ਚੰਗੀ ਰੋਗ ਰੋਕੂ ਤਾਕਤ ਅਤੇ ਪਸ਼ੂ ਝੁੰਡ ਦੀ ਸਿਹਤ
- ☑ ਚਿੱਚੜਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਦਾ ਘੱਟ ਖਤਰਾ
- ☑ ਜਿਆਦਾ ਅਤੇ ਚੰਗਾ ਉਤਪਾਦਨ
- ☑ ਬਿਮਾਰੀ ਦੇ ਇਲਾਜ 'ਤੇ ਘੱਟ ਖਰਚ ਹੋਣਾ
- ☑ ਪਸ਼ੂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਦਾ ਘੱਟ ਖਤਰਾ
- ☑ ਪਸ਼ੂਆਂ ਦੀ ਵਧੀਆ ਦੇਖਭਾਲ ਤੇ ਸਿਹਤ

## ਅੱਜ ਤੋਂ ਹੀ ਚਿੱਚੜਾਂ ਦੀ ਰੋਕਥਾਮ ਸ਼ੁਰੂ ਕਰੋ

ਯੂ-ਟਿਊਬ ਤੇ ਵੀਡਿਓ ਨੂੰ ਦੇਖਣ ਲਈ ਇਸ ਕਯੂਆਰ (QR) ਕੋਡ ਨੂੰ ਸਕੈਨ ਕਰੋ।